Roll No. ........................ Total Pages : 5

# 9466/NJ

**E–27/2110**

**ਪੰਜਾਬੀ–106**

Semester—I

Time Allowed : 3 Hours] [Maximum Marks : 75

## ਭਾਗ—ੳ

1. ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਦਾ ਸਾਰ ਲਿਖੋ :

   (ੳ) ਧਨੁ ਜੋਬਨੁ ਅਰ ਫੁਲੜਾ

   (ਅ) ਕਿਆ ਭਰਵਾਸਾ ਦਮ ਦਾ

   (ੲ) ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ। 10

2. ਕਿਸੇ **ਇਕ** ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   (ੳ) ਇਹ ਜਗਿ ਮੀਤੁ ਨ ਦੇਖਿਓ ਕੋਈ॥
   ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥



   (ਅ) ਇਕ ਦਿਹਾੜੇ ਨਾਵ੍ਹਣ ਆਈ, ਦੁਰਗਸਾਹ॥
   ਇੰਦ੍ਰ ਬਿਰਥਾ ਸੁਣਾਈ, ਆਪਣੇ ਹਾਲ ਦੀ॥
   ਛੀਕ ਲਈ ਠੁਕਰਾਈ, ਸਾਤੇ ਦਾਨਵੀ॥
   ਲੋਕੀ ਤਿਹੀ ਫਿਰਾਈ, ਦੋਹੀਂ ਆਪਣੀ॥

   (ੲ) "ਤੁਰਸਾਂ ਮੂਲ ਨਾ ਮੁੜਸਾਂ ਗਹੋਂ, ਜਾਨ ਤਲੀ ਪਰ ਧਰਸਾਂ
   ਜਬ ਲਗ ਸਾਸ ਨਿਰਾਸ ਨਾ ਹੋਣਾਂ, ਮਰਨੋ ਮੂਲ ਨਾ ਡਰਸਾਂ
   ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾ ਪੈਲਾ ਉਸ ਫੜਸਾਂ
   ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ, ਥਲ ਮਾਰੂ ਵਿਚ ਮਰਸਾਂ।" 7

3. ਕਿਸੇ **ਇਕ** ਕਹਾਣੀ ਦਾ ਸਾਰ ਲਿਖੋ :

   (ੳ) ਭਾਬੀ ਮੈਨਾ

   (ਅ) ਨਹੀਂ, ਸਾਨੂੰ ਕੋਈ ਤਕਲੀਫ਼ ਨਹੀਂ

   (ੲ) ਅੰਗ-ਸੰਗ। 10

## ਭਾਗ—ਅ

4. ਕਿਸੇ **ਇਕ** ਵਿਸ਼ੇ ਉਪਰ ਪੈਰਾ-ਰਚਨਾ ਕਰੋ :

   (ੳ) ਕਰੋਨਾ ਮਹਾਂਮਾਰੀ ਦੇ ਪ੍ਰਭਾਵ

(ਅ) ਗੰਧਲਾ ਹੋ ਰਿਹਾ ਵਾਤਾਵਰਣ

(ੲ) ਪੰਜਾਬੀ ਸਮਾਜ ਵਿਚ ਲੰਗਰ ਦੀ ਪ੍ਰਥਾ। 8

5. ਪੰਜਾਬੀ ਸਵਰ ਧੁਨੀਆਂ ਦਾ ਵਰਗੀਕਰਨ ਕਰੋ।

**ਜਾਂ**

ਉਚਾਰਨ ਸਥਾਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਰੋ।

**ਜਾਂ**

ਪੰਜਾਬੀ ਵਿਚ ਸੁਰ ਅਤੇ ਨਾਸਿਕਤਾ ਬਾਰੇ ਜਾਣਕਾਰੀ ਦਿਓ। 10

**ਭਾਗ—ੲ**

6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. 'ਬੰਧਨ ਦੀ ਵੇਲਾ' ਕਾਵਿ-ਰਚਨਾ ਦਾ ਕੇਂਦਰੀ ਭਾਵ ਲਿਖੋ।
2. 'ਰਵਿ' ਸ਼ਬਦ ਦਾ ਕੀ ਅਰਥ ਹੈ?



3. 'ਮਾਟੀ ਖੁਦੀ ਕਰੇਂਦੀ ਯਾਰ' ਕਿਸ ਕਵੀ ਦੀ ਰਚਨਾ ਹੈ?
4. ਹਾਸ਼ਮ ਸ਼ਾਹ ਦੀ ਕਿਸੇ ਇਕ ਰਚਨਾ ਦਾ ਨਾਂ ਲਿਖੋ।
5. 'ਸ਼ਾਹ ਮੁਹੰਮਦ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ' ਵਿਚ 'ਸਰਕਾਰ' ਕਿਸ ਨੂੰ ਕਿਹਾ ਗਿਆ ਹੈ?
6. 'ਏਹੁ ਨਿਦੋਸਾ ਮਾਰੀਐ' ਕਹਾਣੀ ਵਿਚ ਇੰਦਰ ਸਿੰਘ ਦੇ ਸਿਰ ਕਰਜ਼ਾ ਕਿਉਂ ਚੜ੍ਹਿਆ?
7. 'ਰਾਮ-ਲੀਲ੍ਹਾ' ਕਹਾਣੀ ਵਿਚ ਕ੍ਰਿਸ਼ਨ ਦੀ ਮਾਂ ਨੇ ਉਸ ਨੂੰ ਰਾਧਾ ਦੇ ਘਰੋਂ ਫੜ੍ਹਨ ਤੋਂ ਪਿਛੋਂ ਕੀ ਕੀਤਾ?
8. ਸੋਮਾ ਦੇ ਮਰਨ ਮਗਰੋਂ ਮੰਗੋ ਦੀ ਹਾਲਤ ਕਿਹੋ ਜਿਹੀ ਹੋ ਗਈ ਸੀ?
9. 'ਸਾਂਝ' ਕਹਾਣੀ ਦੇ ਲੇਖਕ ਦਾ ਨਾਂ ਦੱਸੋ।
10. 'ਹੁੰਮਸ' ਕਹਾਣੀ ਦੇ ਪਾਤਰ ਜੋਗਾ ਸਿੰਘ ਦੇ ਸਾਲੇ ਦਾ ਕਤਲ ਕਿਸ ਨੇ ਕੀਤਾ?

11. ਗੁਲਾਈ-ਰਹਿਤ ਸਵਰ ਕਿਹੜੇ-ਕਿਹੜੇ ਹਨ?

12. ਸਵਰ ਸੰਯੋਗ ਦੀਆਂ ਦੋ ਉਦਾਹਰਣਾਂ ਦਿਓ।

13. ਪੰਜਾਬੀ ਵਿਚ ਨਾਸਕੀ ਵਿਅੰਜਨ ਕਿਹੜੇ-ਕਿਹੜੇ ਹਨ?

14. ਚਾਰ ਦੰਤੀ ਵਿਅੰਜਨ ਲਿਖੋ।

15. ਕਿਹੜੀਆਂ ਸਘੋਸ਼ ਮਹਾਂਪ੍ਰਾਣ ਧੁਨੀਆਂ ਪੰਜਾਬੀ ਉਚਾਰਨ ਵਿਚੋਂ ਗਾਇਬ ਹੋ ਗਈਆਂ ਹਨ, ਜਿਹਨਾਂ ਦੀ ਥਾਂ ਸੁਰ ਨੇ ਲੈ ਲਈ ਹੈ? $15 \times 2 = 30$